## 02 ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਵਿਚ ਨਵੀਆਂ ਧਰਮਸ਼ਲਾਵਾਂ ਦੀ ਉਸਾਰੀ ਅਤੇ ਪੁਰਾਣੀਆਂ ਧਰਮਸ਼ਲਾਵਾਂ ਦੀ ਮੁਰੰਮਤ ਕਰਨ ਦੀ ਸਕੀਮ (ਨਾਨ ਪਲਾਨ)

**ਸਕੀਮ ਦਾ ਉਦੇਸ਼**

ਇਹ ਸਟੇਟ ਪਲਾਨ ਸਕੀਮ ਹੈ, ਇਸ ਸਕੀਮ ਅਧੀਨ , ਪਿੰਡਾਂ ਤੇ ਸ਼ਹਿਰਾਂ ਵਿਚ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਆਪਣੇ ਸਮਾਜਿਕ ਸਮਾਗਮ ਜਿਵੇਂ ਵਿਆਹ/ਸ਼ਾਦੀਆਂ ਅਤੇ ਹੋਰ ਖੁਸ਼ੀ ਅਤੇ ਗਮੀ ਦੇ ਫੰਕਸ਼ਨ ਕਰਨ ਲਈ, ਸਾਂਝੀ ਜਗ੍ਹਾ ਮੁਹੱਈਆ ਕਰਨ ਲਈ,ਭਲਾਈ ਵਿਭਾਗ,ਪੰਜਾਬ ਵੱਲੋਂ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਵਿੱਚ ਧਰਮਸ਼ਾਲਾਵਾਂ ਦੀ ਉਸਾਰੀ ਕਰਨ ਲਈ ਗਰਾਂਟ ਦਿੱਤੀ ਜਾਂਦੀ ਹੈ। ਇਹ ਸਕੀਮ ਸਾਲ 1969-70 ਵਿੱਚ ਸ਼ੁਰੂ ਕੀਤੀ ਗਈ ਸੀ। ਹੁਣ ਤੱਕ ਕੁੱਲ 17841 ਧਰਮਸ਼ਾਲਾਵਾਂ ਦੀ ਓਸਾਰੀ ਕੀਤੀ ਗਈ ਹੈ। ਸਾਲ 1994-95 ਤੋਂ ਪੁਰਾਣੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਕਰਨ ਲਈ ਵੀ ਗਰਾਂਟ ਦਾ ਉਪਬੰਧ ਕੀਤਾ ਗਿਆ ਹੈ।

**ਸਕੀਮ ਦੇ ਨਾਰਮਜ਼**

ਨਵੀਂ ਧਰਮਸ਼ਾਲਾਵਾਂ ਦੀ ਉਸਾਰੀ ਕਰਨ ਲਈ ਅਜਿਹੇ ਪਿੰਡਾਂ/ਬਸਤੀਆਂ ਨੂੰ ਗਰਾਟ ਦਿੱਤੀ ਜਾਂਦੀ ਹੈ, ਜਿਹੜੇ ਪਿੰਡਾਂ ਵਿੱਚ ਅਨੁਸੂਚਿਤ ਜਾਤੀ ਦੇ ਘੱਟੋ-ਘੱਟ 25 ਘਰ ਹੋਣ ਅਤੇ ਧਰਮਸ਼ਾਲਾ ਦੀ ਉਸਾਰੀ ਲਈ ਪਿੰਡ ਵਿੱਚ 10 ਮਰਲੇ ਅਤੇ ਸ਼ਹਿਰਾਂ ਵਿੱਚ 4 ਮਰਲੇ ਥਾਂ/ਜਗ੍ਹਾ ਸਬੰਧਤ ਪਿੰਡ/ਬਸਤੀ ਵਾਲਿਆਂ ਵੱਲੋਂ ਮੁਫਤ ਦਿੱਤੀ ਜਾਵੇ।ਜਿਹੜੀਆਂ ਧਰਮਸ਼ਾਲਾਵਾਂ ਦੀ ਹਾਲਤ ਖਰਾਬ ਹੋ ਚੁੱਕੀ ਹੈ ਅਤੇ ਉਨ੍ਹਾਂ ਦੀ ਉਸਾਰੀ ਹੋਈ ਨੂੰ 5 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੋਵੇ, ਉਨ੍ਹਾਂ ਦੀ ਮੁਰੰਮਤ ਕਰਨ ਲਈ ਵੀ ਇਸ ਸਕੀਮ ਅਧੀਨ ਗਰਾਂਟ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਨਵੀਂ ਧਰਮਸ਼ਾਲਾ ਦੀਉਸਾਰੀ ਲਈ 2.00 ਲੱਖ ਰੁਪਏ ਅਤੇ ਪੁਰਾਣੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਵੱਧ ਤੋਂ ਵੱਧ 1,00,000/-ਰੁਪਏ ਦੀ ਗਰਾਂਟ ਦਿੱਤੀ ਗਈ ਹੈ। ਨਵੀਆਂ ਧਰਮਸ਼ਾਲਾਵਾਂ ਦੀ ਉਸਾਰੀ ਕਰਨ ਲਈ ਅਤੇ ਪੁਰਾਣੀਆਂ ਦੀ ਮੁਰੰਮਤ ਕਰਨ ਲਈ ਜਿਲ੍ਹਾ ਭਲਾਈ ਅਫਸਰਾਂ ਵੱਲੋਂ ਸਿਫਾਰਸ਼ਾਂ ਭੇਜੀਆਂ ਗਈਆਂ ਹਨ। ਇਨ੍ਹਾਂ ਸਿਫਾਰਸ਼ਾਂ ਨੂੰ ਮੁੱਖ ਦਫਤਰ (ਡਾਇਰੈਕਟਰ,ਭਲਾਈ ਵਿਭਾਗ ) ਦੀ ਪੱਧਰ ਤੇ ਘੋਖਣ ਉਪਰੰਤ ,ਸਿਫਾਰਸ਼ਾਂ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਨਵੀਆਂ ਅਤੇ ਪੁਰਾਣੀਆਂ ਧਰਮਸ਼ਾਲਾਵਾਂ ਦੇ ਪਾਸ ਕੀਤੇ ਗਏ ਕੇਸਾਂ ਦੀ ਗਿਣਤੀ ਅਨੁਸਾਰ ਰਾਸ਼ੀ ਪ੍ਰਵਾਨ ਕਰਦੇ ਹੋਏ ਜਿਲ੍ਹਾ ਭਲਾਈ ਅਫਸਰਾਂ ਨੂੰ ਗਰਾਂਟ ਭੇਜ ਦਿੱਤੀ ਜਾਂਦੀ ਹੈ।

**ਨਵੀਂ ਅਤੇ ਪੁਰਾਣੀ ਧਰਮਸ਼ਾਲਾ ਲਈ ਪ੍ਰਵਾਨ ਹੋਈ ਰਾਸ਼ੀ ਨੂੰ ਖਰਚ ਕਰਨ ਦੀ ਵਿਧੀ:**

ਜਿਹੜੇ ਪਿੰਡਾਂ/ਸ਼ਹਿਰਾਂ ਵਿੱਚ ਨਵੀਆਂ ਧਰਮਸ਼ਾਲਾਵਾਂ ਦੀ ਉਸਾਰੀ ਕਰਨ ਲਈ ਜਾਂ ਪੁਰਾਣੀਆਂ ਦੀ ਰਿਪੇਅਰ ਕਰਨ ਲਈ ਗਰਾਂਟ ਪ੍ਰਵਾਨ ਕੀਤੀ ਜਾਂਦੀ ਹੈ, ਉਸ ਰਾਸ਼ੀ /ਗਰਾਂਟ ਨੂੰ ਖਰਚ ਕਰਨ ਲਈ ਜਿਲ੍ਹਾ ਭਲਾਈ ਅਫਸਰ/ਤਹਿਸੀਲ ਭਲਾਈ ਅਫਸਰ ਵੱਲੋਂ ਪਿੰਡ ਵਿੱਚ ਸਰਬ-ਸੰਮਤੀ ਨਾਲ ਧਰਮਸ਼ਾਲਾ ਕਮੇਟੀ ਗਠਿਤ ਕੀਤੀ ਜਾਂਦੀ ਹੈ, ਜਿਸ ਨੂੰ ਧਰਮਸ਼ਾਲਾ ਮੈਨੇਜਿੰਗ ਕਮੇਟੀ ਕਿਹਾ ਜਾਂਦਾ ਹੈ, ਇਸ ਦੀ ਬਣਤਰ ਹੇਠ ਅਨੁਸਾਰ ਹੁੰਦੀ ਹੈ:

| | |
|---|---|
| 1.ਜਿਲ੍ਹਾ ਭਲਾਈ ਅਫਸਰ | ਚੇਅਰਮੈਨ |
| 2. ਤਹਿਸੀਲ ਭਲਾਈ ਅਫਸਰ | ਮੈਂਬਰ ਸਕੱਤਰ |
| 3. ਅਨੁਸੂਚਿਤ ਜਾਤੀ ਨਾਲ ਸਬੰਧਤ ਪੰਚ/ਕੌਂਸਲਰ | ਮੈਂਬਰ-ਕਮ-ਕੈਸ਼ੀਅਰ |
| 4. ਗੈਰ-ਅਨੁਸੂਚਿਤ ਜਾਤੀ ਦਾ ਪੰਚ ਜਾਂ ਸਰਪੰਚ ਜਾਂ ਕੌਂਸਲਰ | ਮੈਂਬਰ |
| 5. ਅਨੁਸੂਚਿਤ ਜਾਤੀ ਦਾ ਇਕ ਹੋਰ ਮੈਂਬਰ, ਪਹਿਲੀ ਲੇਡੀ ਪੰਚ/ਲੇਡੀ ਮਿਊਂਸਲ ਕਮਿਸ਼ਨਰ ਨੂੰ ਦਿੱਤੋ। ਜਾਣੀ ਹੁੰਦੀ ਹੈ | ਮੈਂਬਰ |

ਧਰਮਸਾਲਾ ਮੈਨੇਜਿੰਗ ਕਮੇਟੀ ਵਲੋਂ ਪ੍ਰਵਾਨ ਹੋਏ ਫੰਡਜ ਦੀ ਯੋਗ ਵਰਤੋਂ ਕਰਦੇ ਹੋਏ ਪ੍ਰਵਾਨਗੀ ਅਨੁਸਾਰ ਧਰਮਸਾਲਾ ਦੀ ਮੁਰੰਮਤ ਉਸਾਰੀ ਕੀਤੀ ਜਾਂਦੀ ਹੈ ਅਤੇ ਪ੍ਰਵਾਨ ਹੋਈ ਰਾਸੀ ਦਾ ਵਰਤੋਂ ਸਰਟੀਫਿਕੇਟ ਮਟੀਰੀਅਲ